SHABDĀRTH Journal of Religion & Philosophy
Vol. II, No. 02, July 2026
ISSN 3107-9261

Naad Pargaas
Sri Amritsar

ਡਗਲਸ ਐਲਨ
ਅਨੁਵਾਦਕ : ਸੁਰਿੰਦਰ ਸਿੰਘ

# ਧਰਮ ਦਾ ਪ੍ਰਪੰਚ-ਵਿਗਿਆਨ

ਧਰਮ-ਅਧਿਐਨ ਦੇ ਵਿਦਵਾਨ ਅਕਸਰ 'ਧਰਮ ਦੇ ਪ੍ਰਪੰਚ-ਵਿਗਿਆਨ' ਨੂੰ ਵੀਹਵੀਂ ਸਦੀ ਦੀਆਂ ਧਰਮ-ਅਧਿਐਨ ਦੀਆਂ ਪ੍ਰਮੁੱਖ ਪਹੁੰਚਾਂ ਅਤੇ ਅਨੁਸਾਸ਼ਨਾ ਵਿੱਚੋਂ ਇੱਕ ਮੰਨਦੇ ਹਨ। ਬਹੁਤ ਸਾਰੇ ਪਾਠਕਾਂ ਨੂੰ ਧਰਮ-ਅਧਿਐਨ ਦੀਆਂ ਹੋਰ ਦੂਸਰੀਆਂ ਪਹੁੰਚਾਂ ਅਤੇ ਅਨੁਸਾਸ਼ਨ ਜਿਵੇਂ ਕਿ 'ਧਰਮ ਦਾ ਇਤਿਹਾਸ', 'ਧਰਮ ਦਾ ਮਾਨਵ-ਵਿਗਿਆਨ', 'ਧਰਮ ਦਾ ਮਨੋਵਿਗਿਆਨ', 'ਧਰਮ ਦਾ ਸਮਾਜ-ਸ਼ਾਸਤਰ' ਜਾਂ 'ਧਰਮ ਦਾ ਦਰਸ਼ਨ-ਸ਼ਾਸਤਰ,' ਆਦਿ ਬਾਰੇ ਸ਼ਾਇਦ ਕੁਝ ਸੂਝ ਜ਼ਰੂਰ ਹੋਵੇਗੀ ਭਾਵੇਂ ਕਿ ਉਹਨਾਂ ਦੇ ਇਸ ਸੰਬੰਧੀ ਕੁਝ ਬੁਨਿਆਦੀ ਵਿਚਾਰ ਪੂਰੀ ਤਰ੍ਹਾਂ ਠੀਕ ਨਾ ਵੀ ਹੋਣ। ਫਿਰ ਵੀ ਥੋੜ੍ਹੇ ਹੀ ਪਾਠਕਾਂ ਨੂੰ ਸੰਕਲਪੀ-ਸ਼ਬਦ 'ਧਰਮ-ਪ੍ਰਪੰਚ-ਵਿਗਿਆਨ' ਬਾਰੇ ਅਤੇ ਇਸ ਅਨੁਸਾਸ਼ਨ ਅਤੇ ਇਸ ਪਹੁੰਚ ਦੇ ਵਿਸਥਾਰ ਬਾਰੇ ਸਮਝ ਹੋਵੇਗੀ।

## ਇੱਕ ਪ੍ਰਾਰੰਭਿਕ ਅਭਿਆਸ

ਨਿਮਨ ਲਿਖਤ ਅਭਿਆਸ-ਪ੍ਰਕਿਰਿਆ ਧਰਮ-ਪ੍ਰਪੰਚ-ਵਿਗਿਆਨ ਦੇ ਤਰਕ-ਵਿਧਾਨ ਅਤੇ ਇਸ ਦੀਆਂ ਬਹੁਤ ਸਾਰੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਨੂੰ ਉਜਾਗਰ ਕਰਨ ਵਿੱਚ ਸਹਾਇਤਾ ਕਰੇਗੀ। ਇਸ ਤਰਕ-ਵਿਧਾਨ ਅਤੇ ਇਸ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਦਾ ਵਰਨਣ ਇਸ ਪਾਠ ਦੇ ਅਗਲੇ ਪੰਨਿਆਂ ਵਿੱਚ ਕੀਤਾ ਜਾਵੇਗਾ।

ਬਹੁਤ ਸਾਰੇ ਸਮਾਜਾਂ ਅਤੇ ਸੱਭਿਆਚਾਰਾਂ ਨੂੰ 'ਧਾਰਮਿਕ' ਹੋਣ ਵਜੋਂ ਵਰਣਿਤ ਕੀਤਾ ਜਾਂਦਾ ਰਿਹਾ ਹੈ। ਅਰਬਾਂ ਹੀ ਮਨੁੱਖ ਅੱਜ ਆਪਣੇ ਆਪ ਨੂੰ ਧਾਰਮਿਕ ਦਰਸਾਉਂਦੇ ਹਨ। ਸਾਡੇ ਕੁਝ ਬਹੁਤ ਹੀ ਆਮ ਵਰਤੇ ਜਾਂਦੇ ਭਾਸ਼ਾਈ ਸੰਕਲਪ ਜਿਵੇਂ ਕਿ 'ਪਰਮਾਤਮਾ,' 'ਆਤਮਾ,' 'ਸਵਰਗ,' 'ਮੁਕਤੀ,' 'ਪਾਪ' ਅਤੇ 'ਬੁਰਾਈ' ਆਦਿ 'ਧਾਰਮਿਕ' ਹਨ। ਇੱਥੋਂ ਤੱਕ ਕਿ ਉਹ ਮਨੁੱਖ ਜਿਹੜੇ ਇਹ ਦਾਅਵਾ ਕਰਦੇ ਹਨ ਕਿ ਉਹ 'ਧਾਰਮਿਕ' ਨਹੀਂ ਹਨ, ਆਮ ਤੌਰ 'ਤੇ ਉਹ ਵੀ ਇਹ ਸਮਝਦੇ ਹਨ ਕਿ 'ਧਾਰਮਿਕ' ਹੋਣ ਤੋਂ ਕੀ ਭਾਵ ਹੁੰਦਾ ਹੈ ਅਤੇ ਇਸ ਤਰ੍ਹਾਂ ਉਹ ਆਪਣੇ ਦੁਆਰਾ ਰੱਦ ਕੀਤੇ ਗਏ ਸੰਕਲਪ ਤੋਂ ਜਾਣੂ ਹਨ।

ਧਰਮ ਪ੍ਰਤਿ ਸਾਰੀਆਂ ਗਿਆਨਾਤਮਕ ਪਹੁੰਚਾਂ ਜਿਨ੍ਹਾਂ ਵਿੱਚ ਧਰਮ-ਪ੍ਰਪੰਚ-ਵਿਗਿਆਨ ਵੀ ਸ਼ਾਮਿਲ ਹੈ, ਆਲੋਚਨਾਤਮਕ-ਚਿੰਤਨ ਨਾਲ ਸੰਬੰਧਿਤ ਹਨ। ਜਦੋਂ ਅਸੀਂ 'ਧਰਮ' ਅਤੇ 'ਧਾਰਮਿਕ' ਆਦਿ ਸੰਕਲਪਾਂ ਬਾਰੇ ਆਲੋਚਨਾਤਮਕ ਤਰੀਕੇ ਨਾਲ ਸੋਚਦੇ ਹਾਂ ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਅਸੀਂ ਆਮ ਤੌਰ 'ਤੇ ਇਹਨਾਂ ਸੰਕਲਪੀ ਸ਼ਬਦਾਂ ਨੂੰ ਧੁੰਦਲੇ ਅਰਥਾਂ ਵਿੱਚ ਹੀ ਵਰਤ ਲੈਂਦੇ ਹਾਂ ਅਤੇ ਸਾਨੂੰ ਇਹ ਪੂਰੀ